**ਪੰਜਾਬ ਸਰਕਾਰ**

# ਨੈਸ਼ਨਲ ਰੂਰਲ ਹੈਲਥ ਮਿਸ਼ਨ

## ਸਿਹਤ ਤੇ ਪਰਿਵਾਰ ਭਲਾਈ, ਵਿਭਾਗ, ਪੰਜਾਬ

**ਪਰਿਆਸ ਬਿਲਡਿੰਗ, ਪੰਜਵੀਂ ਮੰਜ਼ਿਲ, ਸੈਕਟਰ 38-ਬੀ, ਚੰਡੀਗੜ੍ਹ**

☎ No. 0172-4012003, 4012011-12, **Fax:** 0172-4012013 **E-mail** : nrhmpunjab@gmail.com, **Web site** : www.pbnrhm.org


ਨੰ: ਐਸ.ਪੀ.ਐਮ/ਐਨ.ਆਰ.ਐਚ.ਐਮ/ਪੰ:/10/366-85 ਮਿਤੀ 29/06/2010

ਵੱਲ,

**ਸਮੂਹ ਸਿਵਲ ਸਰਜਨ ਸਾਹਿਬਾਨ,**
ਪੰਜਾਬ ਰਾਜ ਵਿਚ।

**ਵਿਸ਼ਾ :-** **ਸਾਲ 2010-11 ਲਈ ਬੀ.ਸੀ.ਸੀ (Behaviour Change Communication) / ਆਈ.ਈ.ਸੀ (Information Education & Communication) ਗਤੀਵਿਧੀਆਂ ਅਤੇ ਬਜਟ ਦੀ ਵਰਤੋਂ ਕਰਨ ਸਬੰਧੀ ਦਿਸ਼ਾ ਨਿਰਦੇਸ਼।**

ਭਾਰਤ ਸਰਕਾਰ ਵੱਲੋਂ NRHM (RCH-II) ਅਧੀਨ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਨੂੰ ਉਪਰੋਕਤ ਵਿਸ਼ੇ ਸਬੰਧੀ ਸਾਲ 2010-11 ਦੀ ਪੀ.ਆਈ.ਪੀ (Programme Implementation Plan) 4.22 ਕਰੋੜ ਦੀ ਰਾਸ਼ੀ ਪ੍ਰਵਾਨ ਹੋਈ ਹੈ। ਜਿਲ੍ਹਾ ਪੱਧਰ ਤੇ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਦਾ ਵਿਸਥਾਰ ਜਿਲ੍ਹਾ ਕਾਰਜ ਯੋਜਨਾ (District Health Action Plan) ਵਿਚ ਕੀਤਾ ਗਿਆ ਹੈ। ਜਿਲ੍ਹਾ ਪੱਧਰ ਤੇ ਜਿਲ੍ਹੇ ਦੀ ਯੋਜਨਾ ਅਨੁਸਾਰ ਬੀ.ਸੀ.ਸੀ ਅਧੀਨ ਬਜਟ ਮਨਜ਼ੂਰ ਕੀਤਾ ਗਿਆ ਹੈ। ਇਸ ਬਜਟ ਰਾਹੀਂ ਬੀ.ਸੀ.ਸੀ/ਆਈ.ਈ.ਸੀ ਗਤੀਵਿਧੀਆਂ ਜ਼ਿਲ੍ਹਾ ਪੱਧਰ, ਬਲਾਕ ਪੱਧਰ ਅਤੇ ਸਬ-ਸੈਂਟਰ ਤੇ ਕੀਤੀਆਂ ਜਾਣਗੀਆਂ। ਜ਼ਿਲ੍ਹਾ ਪੱਧਰ ਤੇ ਜੋ ਗਤੀਵਿਧੀਆਂ ਹੋਣਗੀਆਂ ਉਹ ਸਬੰਧਿਤ ਜ਼ਿਲ੍ਹੇ ਦੀ ਜਿਲ੍ਹਾ ਸਿਹਤ ਸੰਮਤੀ ਦੀ ਰਹਿਣਨਿਮਾਈ ਦੇ ਹੇਠ ਸਿਵਲ ਸਰਜਨ ਦੀ ਨਿਗਰਾਨੀ ਅਧੀਨ ਜ਼ਿਲ੍ਹਾ ਮਾਸ ਮੀਡੀਆ ਸੂਚਨਾ ਤੇ ਸਿੱਖਿਆ ਅਫਸਰਾਂ ਅਤੇ ਜ਼ਿਲ੍ਹਾ ਬੀ.ਸੀ.ਸੀ ਫੈਸੀਲੀਟੇਟਰਾਂ ਵੱਲੋਂ ਨੇਪਰੇ ਚੜ੍ਹਾਈਆਂ ਜਾਣਗੀਆਂ। ਜ਼ਿਲ੍ਹਾ ਮਾਸ ਮੀਡੀਆ ਅਫਸਰ / ਬੀ.ਸੀ.ਸੀ ਫੈਸੀਲੀਟੇਟਰ ਸਿਵਲ ਸਰਜਨ ਦੀ ਪ੍ਰਵਾਨਗੀ ਨਾਲ ਪੂਰੇ ਸਾਲ ਦੀ ਮਹੀਨਾਵਾਰ ਬੀ.ਸੀ.ਸੀ/ਆਈ.ਈ.ਸੀ ਕਾਰਜ ਯੋਜਨਾ ਸਟੇਟ ਹੈੱਡ ਕੁਆਟਰ ਨੂੰ ਭੇਜਣਗੇ ਅਤੇ ਉਸ ਕਾਰਜ ਯੋਜਨਾ ਅਨੁਸਾਰ ਹੀ ਕੰਮ ਕੀਤਾ ਜਾਵੇਗਾ। ਜਿਲ੍ਹਾ ਪੱਧਰੀ ਅਧਿਕਾਰੀ ਬਲਾਕਾਂ ਦੇ ਸੀਨੀਅਰ ਮੈਡੀਕਲ ਅਫਸਰਾਂ ਦੀ ਮੌਜੂਦਗੀ ਵਿਚ ਸਟਾਫ ਮੀਟਿੰਗਾਂ ਕਰਨਗੇ ਜਿਸ ਵਿਚ ਸਬੰਧਿਤ ਗਤੀਵਿਧੀਆਂ ਨਾਲ ਸਬੰਧਤ ਸਟਾਫ ਨੂੰ ਦਿਸ਼ਾ ਨਿਰਦੇਸ਼ਾਂ ਬਾਰੇ ਵੇਰਵੇ ਸਹਿਤ ਜਾਣਕਾਰੀ ਦੇਣਗੇ। ਬੀ.ਸੀ.ਸੀ ਫੈਸਲੀਟੇਟਰਾਂ ਕੀਤੀ ਗਈ ਮੀਟਿੰਗ ਦੀ ਕਾਰਵਾਈ ਦੀ ਸੂਚਨਾ ਲਿਖਤੀ ਰੂਪ ਵਿਚ ਸਿਵਲ ਸਰਜਨ ਰਾਹੀਂ ਸਟੇਟ ਪ੍ਰੋਗਰਾਮ ਮੈਨੇਜਰ, ਐਨ.ਆਰ.ਐਚ.ਐਮ, ਪੰਜਾਬ, ਚੰਡੀਗੜ੍ਹ ਭੇਜਣਗੇ।

**ਸਾਲ 2010-11 ਦੌਰਾਨ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਲਈ ਦਿਸ਼ਾ ਨਿਰਦੇਸ਼ ਹੇਠ ਲਿਖੇ ਅਨੁਸਾਰ ਹਨ:**

**ਜਿਲ੍ਹਾ ਪੱਧਰੀ ਵਰਕਸ਼ਾਪ**

ਜਿਲ੍ਹਾ ਪੱਧਰੀ ਵਰਕਸ਼ਾਪ ਮਾਣਯੋਗ ਚੇਅਰਮੈਨ, ਜਿਲ੍ਹਾ ਪਰਿਸ਼ਦ / ਡਿਪਟੀ ਕਮਿਸ਼ਨਰ ਸਾਹਿਬ ਦੀ ਪ੍ਰਧਾਨਗੀ ਹੇਠ ਕਰਵਾਈਆਂ ਜਾਣਗੀਆਂ। ਜਿਸ ਵਿਚ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਤੋਂ ਇਲਾਵਾ ਭਾਈਵਾਲ ਵਿਭਾਗ ਖਾਸਕਰ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਜਲ ਅਤੇ ਸੈਨੀਟੇਸ਼ਨ, ਸਿੱਖਿਆ ਵਿਭਾਗ ਦੇ ਨੁਮਾਂਇੰਦੇ ਵੀ ਸ਼ਾਮਿਲ ਹੋਣਗੇ। ਰਾਜ ਪੱਧਰ ਤੋਂ ਕਿਸੇ ਅਧਿਕਾਰੀ / ਪ੍ਰੋਗਰਾਮ ਅਫਸਰ/ ਬੀ.ਸੀ.ਸੀ ਫੈਸਲੀਟੇਟਰ ਵੱਲੋਂ ਅਟੈਂਡ ਕੀਤੀ ਜਾਵੇਗੀ।

## 1. ਮੈਟਰਨਲ ਹੈਲਥ ਸਬੰਧੀ (ਜ਼ਿਲ੍ਹਾ ਪੱਧਰੀ ਐਡਵੋਕੇਸੀ ਵਰਕਸ਼ਾਪ) :-

ਜਿੰਨ੍ਹਾ **ਵਿਸ਼ਿਆਂ** ਤੇ ਵਿਚਾਰ ਕੀਤਾ ਜਾਵੇਗਾ:

(ੳ). ਆਰ.ਸੀ.ਐਚ ਪ੍ਰੋਗਰਾਮ ਬਾਰੇ ਜਾਣਕਾਰੀ
(ਅ). ਮਾਵਾਂ ਦੀ ਮੌਤ ਦਰ, ਬੱਚਿਆਂ ਦੀ ਮੌਤ ਦਰ ਘਟਾਉਣ ਲਈ ਕੀਤੇ ਜਾ ਰਹੇ ਉਪਰਾਲੇ
(ੲ). ਅਨੀਮੀਆ ਦੀ ਸਮੱਸਿਆ
(ਸ). ਜਨਨੀ ਸੁਰੱਖਿਆ ਯੋਜਨਾ
(ਹ). ਸੁਰੱਖਿਅਤ ਜਣੇਪਾ ਯੋਜਨਾ ਅਧੀਨ ਗੈਰ-ਸਰਕਾਰੀ ਹਸਪਤਾਲਾਂ ਨਾਲ ਭਾਗੀਦਾਰੀ ਕਰਨੀ
(ਕ). ਸੁਰੱਖਿਅਤ ਜਣੇਪੇ ਦੀ ਸਹੂਲਤ ਬਾਰੇ
(ਖ). ਰੈਫਰਲ ਟਰਾਂਸਪੋਰਟ - ਜਣੇਪੇ ਲਈ ਹਸਪਤਾਲ ਆਣ-ਜਾਣ ਲਈ 200/- ਰੁਪਏ ਦੀ ਸੁਵਿਧਾ
(ਗ). ਮਮਤਾ ਦਿਵਸ ਅਤੇ ਵੱਖ-ਵੱਖ ਯੋਜਨਾਵਾਂ ਨੂੰ ਪ੍ਰਭਾਵੀ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

**ਨੁਮਾਂਇੰਦੇ** : ਸਿਹਤ ਵਿਭਾਗ ਅਤੇ ਭਾਈਵਾਲ ਵਿਭਾਗਾਂ ਦੇ 100 ਨੁਮਾਂਇੰਦੇ ਜਿਸ ਵਿਚ ਜਿਲ੍ਹੇ ਦੇ ਸਾਰੇ ਬਲਾਕ ਸੀਨੀਅਰ ਮੈਡੀਕਲ ਅਫਸਰ, ਜਿਲ੍ਹਾ / ਬਲਾਕ ਪਲਾਨਿੰਗ ਅਤੇ ਮੋਨੀਟਰਿੰਗ ਕਮੇਟੀ ਦੇ ਨੁਮਾਂਇੰਦਿਆਂ, ਗੈਰ-ਸਰਕਾਰੀ ਹਸਪਤਾਲ, ਅਲਟ੍ਰਾਸਾਊਂਡ ਸੈਂਟਰ, ਮਦਰ ਐਨ.ਜੀ.ਓ ਅਤੇ ਹੋਰ ਗੈਰ-ਸਰਕਾਰੀ ਸੰਗਠਨਾਂ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇ।

**ਬਜਟ** : ਇਸ ਵਿਚ 20000/- (ਵੀਹ ਹਜ਼ਾਰ) ਰੁਪਏ ਖਰਚਣਯੋਗ ਹੋਣਗੇ।

ਇਸ ਵਰਕਸ਼ਾਪ ਵਿਚ ਪ੍ਰਭਾਵਸ਼ਾਲੀ ਪ੍ਰਦਰਸ਼ਨੀ ਲਗਾਈ ਜਾਵੇਗੀ। ਜਣੇਪੇ ਬਾਰੇ, ਜਨਨੀ ਸੁਰੱਖਿਆ ਯੋਜਨਾ ਬਾਰੇ, ਨੈਸ਼ਨਲ ਰੂਰਲ ਹੈਲਥ ਮਿਸ਼ਨ ਅਧੀਨ ਪ੍ਰਦਾਨ ਕੀਤੀਆਂ ਸੇਵਾਵਾਂ ਬਾਰੇ ਪ੍ਰਿੰਟ ਮੈਟੀਰੀਅਲ ਛਪਵਾ ਕੇ ਵੰਡਿਆ ਜਾਵੇਗਾ। ਬਜਟ ਦਾ 40 ਪ੍ਰਤੀਸ਼ਤ ਹਿੱਸਾ ਖਾਣ-ਪੀਣ ਤੇ 60 ਪ੍ਰਤੀਸ਼ਤ ਬਾਕੀ ਹਿੱਸਾ ਪ੍ਰਬੰਧਾਂ ਜਿਵੇਂ ਕਿ ਬੈਠਣ ਦਾ ਪ੍ਰਬੰਧ, ਬੈਨਰ, ਫੋਟੋਗ੍ਰਾਫੀ, ਵੀਡੀਓਗ੍ਰਾਫੀ ਦੀ ਸੀ.ਡੀ, ਪ੍ਰਿੰਟਿੰਗ ਮੈਟੀਰੀਅਲ ਅਤੇ ਹੋਰ ਫੁੱਟਕਲ ਖਰਚ ਕੀਤੇ ਜਾ ਸਕਦੇ ਹਨ।

## 2. ਚਾਈਲਡ ਹੈਲਥ ਸਬੰਧੀ (ਜ਼ਿਲ੍ਹਾ ਪੱਧਰੀ ਐਡਵੋਕੇਸੀ ਵਰਕਸ਼ਾਪ) :-

ਇਸ ਵਰਕਸ਼ਾਪ ਵਿਚ ਜਿਨ੍ਹਾਂ **ਵਿਸ਼ਿਆਂ** ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ

(ੳ). ਮਮਤਾ ਦਿਵਸ
(ਅ). ਬੱਚਿਆਂ ਦਾ ਟੀਕਾਕਰਨ
(ੲ). ਮਾਂ ਦੇ ਦੁੱਧ ਦੀ ਮਹੱਤਤਾ ਤੇ ਵਿਚਾਰ ਕੀਤਾ ਜਾਵੇਗਾ
(ਸ). ਗੰਭੀਰ ਹਾਲਾਤਾਂ ਨੂੰ ਨਿਪਟਣ ਲਈ ਕੀਤੇ ਜਾ ਰਹੇ ਉਪਰਾਲੇ

ਵੱਖ-ਵੱਖ ਵਿਭਾਗਾਂ ਨਾਲ ਤਾਲਮੇਲ ਕਰ ਬੱਚਿਆਂ ਦੀ ਸਿਹਤ ਪ੍ਰਤੀ ਕਾਰਜ ਯੋਜਨਾ ਬਣਾਉਣ ਦੀ ਸਿਫਾਰਸ਼ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜਿਹੜੇ ਵਿਸ਼ੇ ਬਲਾਕ ਪੱਧਰੀ ਵਰਕਸ਼ਾਪ ਵਿਚ ਦਰਸਾਏ ਹਨ ਬੱਚਿਆਂ ਦੇ ਮਾਹਿਰ ਡਾਕਟਰਾਂ ਵੱਲੋਂ ਉਸ ਦੀ ਪਰੈਜ਼ਨਟੇਸ਼ਨ (Presentation) ਦਿੱਤੀ ਜਾਵੇਗੀ। ਨੈਸ਼ਨਲ ਰੂਰਲ ਹੈਲਥ ਮਿਸ਼ਨ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਜੋ ਸਿਹਤ ਪ੍ਰੋਗਰਾਮ ਚੱਲ ਰਹੇ ਹਨ ਜ਼ਿਲ੍ਹੇ ਦੇ ਉੱਚ ਅਧਿਕਾਰੀਆਂ ਵਿਚ ਉਜਾਗਰ ਕੀਤੇ ਜਾਣਗੇ।

**ਨੁਮਾਂਇੰਦੇ** : ਮੈਟਰਨਲ ਹੈਲਥ ਵਰਕਸ਼ਾਪ ਵਾਂਗ ਵੱਖ-ਵੱਖ ਵਿਭਾਗਾਂ ਦੇ ਨੁਮਾਂਇੰਦੇ ਭਾਗ ਲੈਣਗੇ। ਇਸ ਵਰਕਸ਼ਾਪ ਵਿਚ ਆਈ.ਸੀ.ਡੀ.ਐਸ ਸੁਪਰਵਾਈਜਰਾਂ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇ।
**ਬਜਟ** : 20000/- (ਵੀਹ ਹਜ਼ਾਰ) ਰੁਪਏ ਖਰਚਣਯੋਗ ਹੋਣਗੇ। ਖਰਚੇ ਦੀ ਵੰਡ ਜ਼ਿਲ੍ਹਾ ਪੱਧਰੀ ਮੈਟਰਨ ਹੈਲਥ ਵਰਕਸ਼ਾਪ ਅਨੁਸਾਰ ਕੀਤੀ ਜਾਵੇਗੀ।

## 3. ਪਰਿਵਾਰ ਨਿਯੋਜਨ ਸਬੰਧੀ ਜ਼ਿਲ੍ਹਾ ਪੱਧਰੀ ਵਰਕਸ਼ਾਪ :-

ਇਸ ਵਰਕਸ਼ਾਪ ਵਿਚ ਜਿਨ੍ਹਾਂ **ਵਿਸ਼ਿਆਂ** ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ :

(ੳ). ਮਰਦਾਂ ਲਈ ਚੀਰਾ ਰਹਿਤ ਨਸਬੰਦੀ ਬਾਰੇ
(ਅ). ਪਰਿਵਾਰ ਨਿਯੋਜਨ ਦੇ ਪੱਕੇ ਤਰੀਕੇ ਅਪਨਾਉਣ ਵਾਲੇ ਯੋਗ ਜੋੜਿਆਂ ਨੂੰ ਜੋ ਵਿੱਤੀ ਸਹਾਇਤਾ
(ੲ). ਔਰਤਾਂ ਲਈ ਨਵੀਂ 1● ਸਾਲ ਦੀ ਮਿਆਦ ਵਾਲੀ ਆਈ.ਯੂ.ਡੀ (IUD) ਹੈ ਉਸ ਬਾਰੇ
(ਸ). ਪਰਿਵਾਰ ਨਿਯੋਜਨ ਦੇ ਸਥਾਈ ਅਤੇ ਅਸਥਾਈ ਤਰੀਕਿਆਂ ਨੂੰ ਅਪਨਾਉਣ ਲਈ ਮਰਦਾਂ ਦੀ ਭਾਗੀਦਾਰੀ ਨੂੰ ਵਧਾਉਣ ਲਈ

ਅਤੇ ਹੋਰ ਵਿਸ਼ਿਆਂ ਬਾਰੇ ਜ਼ਿਲ੍ਹਿਆਂ ਦੇ ਵਿਭਾਗਾਂ ਦੇ ਮੁੱਖੀਆਂ ਨੂੰ ਜੁਬਾਨੀ ਅਤੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਦੁਆਰਾ ਪਰੈਜ਼ਨਟੇਸ਼ਨ ਦਿੱਤੀ ਜਾਵੇਗੀ।

**ਨੁਮਾਂਇੰਦੇ** : ਸਿਹਤ ਵਿਭਾਗ ਅਤੇ ਭਾਈਵਾਲ ਵਿਭਾਗਾਂ ਦੇ 1●● ਨੁਮਾਂਇੰਦੇ ਜਿਸ ਵਿਚ ਜਿਲ੍ਹੇ ਦੇ ਸਾਰੇ ਬਲਾਕ ਸੀਨੀਅਰ ਮੈਡੀਕਲ ਅਫਸਰ, ਜਿਲ੍ਹਾ / ਬਲਾਕ ਪਲਾਨਿੰਗ ਅਤੇ ਮੋਨੀਟਰਿੰਗ ਕਮੇਟੀ ਦੇ ਨੁਮਾਂਇੰਦਿਆਂ, ਗੈਰ-ਸਰਕਾਰੀ ਹਸਪਤਾਲ, ਅਲਟ੍ਰਾਸਾਊਂਡ ਸੈਂਟਰ, ਮਦਰ ਐਨ.ਜੀ.ਓ ਅਤੇ ਹੋਰ ਗੈਰ-ਸਰਕਾਰੀ ਸੰਗਠਨਾਂ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇ।

**ਬਜਟ** : ਇਸ ਵਰਕਸ਼ਾਪ ਵਿਚ 2●●●●/- (ਵੀਹ ਹਜ਼ਾਰ) ਰੁਪਏ ਖਰਚਣਯੋਗ ਹੋਣਗੇ। ਇਸ ਦਾ ਖਰਚਾ ਪਹਿਲਾ ਦਰਸਾਈਆਂ ਗਈਆ ਜ਼ਿਲ੍ਹਾ ਵਰਕਸ਼ਾਪ ਵਾਂਗ ਹੀ ਕੀਤਾ ਜਾਵੇਗਾ।

## 4. ਜ਼ਿਲ੍ਹਾ ਪੱਧਰੀ ਕਿਸ਼ੋਰ ਅਵਸਥਾ ਸਿਹਤ (ARSH) ਸਬੰਧੀ ਵਰਕਸ਼ਾਪ :-

ਇਸ ਵਰਕਸ਼ਾਪ ਵਿਚ ਕਿਸ਼ੋਰ ਅਵਸਥਾ ਨਾਲ ਸਬੰਧਿਤ **ਵਿਸ਼ਿਆਂ** ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

(ੳ). ਕਿਸ਼ੋਰੀਆਂ ਵਿਚ ਮਾਹਵਾਰੀ ਨਾਲ ਸਬੰਧਿਤ ਮੁਸ਼ਕਲਾਂ
(ਅ). ਕਿਸ਼ੋਰ ਅਵਸਥਾ ਵਿਚ ਸਰੀਰਕ ਅਤੇ ਭਾਵਨਾਮਿਕ ਬਦਲਾਵਾਂ ਨਾਲ ਸਬੰਧਿਤ ਵਿਸ਼ਿਆਂ ਤੇ ਚਰਚਾ ਕੀਤੀ ਜਾਵੇਗੀ
(ੲ). ਕਿਉਂਕਿ ਕਿਸ਼ੋਰ ਅਵਸਥਾ ਦੇ ਬੱਚਿਆਂ ਵਿਚ ਸਰੀਰਕ, ਮਾਨਸਿਕ, ਭਾਵਨਾਤਮਿਕ, ਵਿਵਹਾਰਿਕ ਆਦਿ ਤਬਦੀਲੀਆਂ ਆਉਂਦੀਆਂ ਹਨ ਜਿਸ ਵਿਚ ਬੱਚਿਆਂ ਦੇ ਮਨ ਵਿਚ ਤਰ੍ਹਾਂ-ਤਰ੍ਹਾਂ ਦੇ ਖਿਆਲ ਉਤਪੰਨ ਹੁੰਦੇ ਹਨ।
(ਸ). ਅਰਸ਼ ਪ੍ਰੋਗਰਾਮਾਂ ਅਧੀਨ ਦਿੱਤੀਆਂ ਜਾ ਰਹੀਆਂ ਸੇਵਾਵਾਂ

**ਨੁਮਾਂਇੰਦੇ** : ਸਿਹਤ ਵਿਭਾਗ ਤੋਂ ਇਲਾਵਾ ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਵਿਭਾਗ, ਸਿੱਖਿਆ ਵਿਭਾਗ, ਐਨ.ਜੀ.ਓ, ਨਹਿਰੂ ਯੁਵਾ ਕੇਂਦਰ, ਨੌਜਵਾਨ ਕਲੱਬ, ਐਨ.ਸੀ.ਸੀ, ਐਨ.ਐਸ.ਐਸ ਦੇ ਵਲੈਂਟੀਅਰ ਜੋ ਕਿ ਪੀਅਰ ਐਜੂਕੇਟਰ ਦੀ ਭੂਮਿਕਾ ਨਿਭਾ ਸਕਣ। ਇਸ ਵਰਕਸ਼ਾਪ ਵਿਚ ਮਨੋ-ਚਿਕਤਸਿਕ ਮਾਹਿਰ ਡਾਕਟਰਾਂ ਵੱਲੋਂ ਸੰਬੋਧਤ ਕਰਵਾਇਆ ਜਾਵੇਗਾ। ਡਾਕਟਰ ਨਿੱਜੀ ਤੌਰ ਤੇ ਬੱਚਿਆਂ ਦੀਆਂ ਸਮੱਸਿਆਵਾਂ ਸੁਣਨਗੇ ਤੇ ਉਹਨਾਂ ਦਾ ਉਪਾਅ ਦੱਸਣਗੇ ਹੋ ਸਕੇ ਤਾਂ ਕੁਝ ਚੋਣਵੇ ਸੁਆਲਾ ਦਾ ਲਿਖਤੀ ਰੂਪ ਵਿਚ ਰਿਕਾਰਡ ਰੱਖਿਆ ਜਾਵੇਗਾ। ਜੇਕਰ ਮਨੋਚਿਕਿਸਤ ਮਾਹਿਰ ਡਾਕਟਰ ਉਪਲੱਬਧ ਨਾ ਹੋਵੇ ਤਾਂ ਨਜ਼ਦੀਕੀ ਮੈਡੀਕਲ ਕਾਲਜ ਤੋਂ ਇਹਨਾਂ ਦਾ ਪ੍ਰਬੰਧ ਕਰ ਲਿਆ ਜਾਵੇ ਜਾਂ ਪ੍ਰਾਈਵੇਟ ਪਰੈਕਟੀਸ਼ਨਰ ਬਲਾਏ ਜਾ ਸਕਦੇ ਹਨ ਤੇ ਉਹਨਾਂ ਨੂੰ ਨਿਯਮਾਂ ਅਨੁਸਾਰ ਟੀ.ਏ/ਡੀ.ਏ ਦਿੱਤਾ ਜਾਵੇਗਾ।

**ਬਜਟ** : 2●●●●/- (ਵੀਹ ਹਜ਼ਾਰ) ਰੁਪਏ ਖਰਚਣਯੋਗ ਹੋਣਗੇ। ਇਸ ਸਬੰਧੀ ਖਰਚਾ 4● ਪ੍ਰਤੀਸ਼ਤ ਖਾਣ-ਪੀਣ ਤੇ 6● ਪ੍ਰਤੀਸ਼ਤ ਬਾਕੀ ਪ੍ਰਬੰਧਾਂ ਤੇ ਕੀਤਾ ਜਾਵੇਗਾ ਜਿਸਦਾ ਵੇਰਵਾ ਹੋਰ ਜਿਲ੍ਹਾ ਪੱਧਰੀ ਵਰਕਸ਼ਾਪਜ ਵਾਂਗ ਹੀ ਹੋਵੇਗਾ।

5. **ਨੈਸ਼ਨਲ ਰੂਰਲ ਹੈਲਥ ਮਿਸ਼ਨ (ਐਨ.ਆਰ.ਐਚ.ਐਮ) ਸਬੰਧੀ ਇੰਟਰਾ ਪਰਸਨਲ ਕਮਿਊਨੀਕੇਸ਼ਨ ਜ਼ਿਲ੍ਹਾ ਪੱਧਰੀ ਵਰਕਸ਼ਾਪ** :- ਇਨ੍ਹਾਂ ਵਰਕਸ਼ਾਪਜ ਦੀਆਂ ਮਿਤੀਆਂ ਸਟੇਟ ਬੀ.ਸੀ.ਸੀ/ਆਈ.ਈ.ਸੀ ਵਿੰਗ ਨਾਲ ਵਿਚਾਰ ਕਰ ਰੱਖੀਆਂ ਜਾਣ। ਸਟੇਟ ਪੱਧਰ ਤੋਂ ਕੋਈ ਅਧਿਕਾਰੀ ਇਨ੍ਹਾਂ ਵਿਚ ਜਰੂਰ ਸ਼ਾਮਿਲ ਹੋਵੇਗਾ। ਇਹਨਾਂ ਵਰਕਸ਼ਾਪਸ ਵਿਚ ਨੈਸ਼ਨਲ ਰੂਰਲ ਹੈਲਥ ਮਿਸ਼ਨ ਅਧੀਨ ਜੋ ਸੇਵਾਵਾਂ ਖਾਸ ਤੌਰ ਤੇ ਦਿਹਾਤੀ ਇਲਾਕਿਆਂ ਵਿਚ ਦਿੱਤੀਆਂ ਜਾਂਦੀਆਂ ਹਨ ਉਹਨਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਜ਼ਿਲ੍ਹੇ ਦੇ, ਸਬ-ਡਵੀਜਨਾਂ ਦੇ, ਬਲਾਕਾਂ ਦੇ ਸਾਰੇ ਵਿਭਾਗਾਂ ਦੇ ਮੁੱਖੀਆਂ ਨੂੰ ਦਿੱਤੀ ਜਾਵੇਗੀ। ਇਹਨ੍ਹਾਂ ਵਰਕਸ਼ਾਪਸ ਦਾ ਆਯੋਜਨ ਸਿਵਲ ਸਰਜਨ, ਡਿਪਟੀ ਕਮਿਸ਼ਨਰ ਨਾਲ ਰਾਬਤਾ ਕਾਇਮ ਕਰਕੇ ਕਰਨਗੇ।

ਇਹਨਾਂ ਵਰਕਸ਼ਾਪਸ ਵਿਚ

(ੳ). ਐਨ.ਆਰ.ਐਚ.ਐਮ ਬਾਰੇ ਜਾਣਕਾਰੀ ਅਤੇ ਇਹ ਅਧੀਨ ਚਲ ਰਹੇ ਸਾਰੇ ਪ੍ਰੋਗਰਾਮਾਂ ਦੀ ਜਾਣਕਾਰੀ

(ਅ.) ਅਨ-ਟਾਈਡ ਫੰਡਜ - ਜੋ ਫੰਡ ਜਿਵੇਂ ਕਿ ਸਬ-ਸੈਂਟਰਾਂ ਲਈ ਅਨ-ਟਾਈਡ ਫੰਡ ਤੇ ਵਿਲੇਜ ਹੈਲਥ ਸੁਸਾਇਟੀਆਂ ਲਈ ਫੰਡ, ਮੁੱਢਲੇ ਸਿਹਤ ਕੇਂਦਰਾਂ, ਕਮਿਊਨਿਟੀ ਹੈਲਥ ਸੈਂਟਰਾਂ ਦੀਆਂ ਸੁਸਾਇਟੀਆਂ ਰੋਗੀ ਕਲਿਆਣ ਸੰਮਤੀ ਨੂੰ ਜੋ ਫੰਡ ਦਿੱਤੇ ਜਾਂਦੇ ਹਨ ਉਹਨਾਂ ਦੀ ਯੋਗ ਵਰਤੋਂ ਕਿਵੇਂ ਕਰਨੀ ਹੈ ਬਾਰੇ ਦੱਸਿਆ ਜਾਵੇਗਾ।

(ੲ). 24×7 ਡਲੀਵਰੀ ਪ੍ਰਬੰਧ, ਫ੍ਰਸਟ ਰੈਫਰਲ ਯੂਨਿਟ (FRU)

(ਸ). ਮੋਬਾਇਲ ਮੈਡੀਕਲ ਯੂਨਿਟ (MMU) ,

(ਹ). ਆਯੂਸ਼

(ਕ). ਸਕੂਲ ਹੈਲਥ, ਸਰਕਾਰੀ ਸਕੂਲਾਂ ਦੇ ਬੱਚਿਆਂ ਗਰੀਬ ਬੱਚਿਆਂ ਦਾ ਦਿਲ ਦਾ ਤੇ ਕੈਂਸਰ ਰੋਗ ਦਾ ਮੁਫਤ ਇਲਾਜ ਆਦਿ। ।

ਕੁਲ ਮਿਲਾਕੇ ਇਸ ਵਰਕਸ਼ਾਪ ਦੇ ਮਧਿਅਮ ਨਾਲ ਜ਼ਿਲ੍ਹੇ ਦੇ ਉੱਚ ਅਫਸਰ ਸਾਹਿਬਾਨ ਜਿਵੇਂ ਕਿ ਡੀ.ਸੀ ਸਾਹਿਬ, ਏ.ਡੀ.ਸੀ, ਐਮ.ਡੀ.ਐਮ, ਬੀ.ਡੀ.ਪੀ.ਓ, ਐਕਸ.ਈ.ਐਨ ਆਦਿ ਨੂੰ ਐਨ.ਆਰ.ਐਚ.ਐਮ ਵੱਲੋਂ ਹਰ ਪੱਖੋਂ ਵਿਸਥਾਰ ਪੂਰਵਕ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ।

**ਨੁਮਾਂਇੰਦੇ** : ਜਿਲ੍ਹਾ ਪੱਧਰ ਦੇ ਸਿਹਤ ਵਿਭਾਗ, ਪੰਚਾਇਤੀ ਰਾਜ, ਮਹਿਲਾ ਤੇ ਬਾਲ ਵਿਕਾਸ ਵਿਭਾਗ, ਜਿਲ੍ਹਾ / ਬਲਾਕ ਪਲਾਨਿੰਗ ਐਂਡ ਮੋਨੀਟਰਿੰਗ ਕਮੇਟੀ, ਐਸ.ਡੀ.ਐਮ, ਬੀ.ਡੀ.ਪੀ.ਓ, ਬਲਾਕ ਐਸ.ਐਮ.ਓ, ਰੋਗੀ ਕਲਿਆਣ ਸੰਮਤੀਆਂ ਨੁਮਾਂਇੰਦੇ ਸ਼ਾਮਿਲ ਹੋਣਗੇ।

**ਬਜਟ** : ਐਨ.ਆਰ.ਐਚ.ਐਮ ਸਬੰਧੀ ਜ਼ਿਲ੍ਹੇ ਵਿਚ ਸਾਲ ਵਿਚ 2 ਵਰਕਸ਼ਾਪ ਕਰਵਾਈਆਂ ਜਾਣ। ਇਸ ਵਿਚ ਘੱਟੋ-ਘੱਟ 4-5 ਮਹੀਨਿਆ ਦਾ ਅੰਤਰ ਹੋਣਾ ਚਾਹੀਦਾ ਹੈ। ਇਕ ਵਰਕਸ਼ਾਪ ਲਈ 2●●●●/- (ਵੀਹ ਹਜ਼ਾਰ) ਰੁਪਏ ਤੇ ਦੋ ਲਈ 4●●●●/- (ਚਾਲੀ ਹਜ਼ਾਰ) ਰੁਪਏ ਖਰਚਣਯੋਗ ਹਨ। ਖਰਚੇ ਦਾ ਵੇਰਵਾ ਹੋਰਨਾਂ ਵਰਕਸ਼ਾਪਜ ਵਾਂਗ ਹੀ ਹੋਵੇਗਾ।

**<u>ਬਲਾਕ ਪੱਧਰੀ ਵਰਕਸ਼ਾਪ</u>**

ਇਹ ਵਰਕਸ਼ਾਪ ਚੇਅਰਮੈਨ ਬਲਾਕ ਸੰਮਤੀ / ਐਸ.ਡੀ.ਐਮ ਦੀ ਪ੍ਰਧਾਨਗੀ ਵਿਚ ਕਰਵਾਈ ਜਾਵੇਗੀ। ਬਲਾਕ ਪੱਧਰੀ ਵਰਕਸ਼ਾਪ ਵਿਚ ਸਿਹਤ ਵਿਭਾਗ ਤੋਂ ਇਲਾਵਾ ਦੂਜੇ ਭਾਈਵਾਲ ਵਿਭਾਗ ਸ਼ਾਮਿਲ ਹੋਣਗੇ। ਇਨ੍ਹਾਂ ਵਰਕਸ਼ਾਪਜ ਵਿਚ ਬਲਾਕ / ਪੀ.ਐਚ.ਸੀ, ਮੋਨੀਟਰਿੰਗ ਐਂਡ ਪਲਾਨਿੰਗ ਕਮੇਟੀ, ਪੇਂਡੂ ਸਿਹਤ ਤੇ ਸਫਾਈ ਕਮੇਟੀ ਦੇ ਨੁਮਾਂਇੰਦੇ ਸਮੂਲੀਅਤ ਯਕੀਨੀ ਬਣਾਈ ਜਾਵੇ। ਜਿਲ੍ਹਾਂ ਪੱਧਰ ਤੋਂ ਡੀ.ਐਮ.ਆਈ.ਓ / ਬੀ.ਸੀ.ਸੀ ਫੈਸਲੀਟੇਟਰ ਜਰੂਰ ਸ਼ਾਮਿਲ ਹੋਣ ਅਤੇ ਇਸ ਵਰਕਸ਼ਾਪ ਨੂੰ ਡੀ.ਐਫ.ਪੀ.ਓ / ਡੀ.ਆਈ.ਓ / ਡੀ.ਪੀ.ਐਮ ਸੰਬੋਧਿਤ ਕਰਨਗੇ।

1. **ਮੈਟਰਨਲ ਹੈਲਥ ਸਬੰਧੀ (ਬਲਾਕ ਪੱਧਰੀ ਐਡਵੋਕੇਸੀ ਵਰਕਸ਼ਾਪ)** :-ਇਸ ਬਲਾਕ ਪੱਧਰੀ ਵਰਕਸ਼ਾਪ ਵਿਚ 25●●/- (ਦੋ ਹਜ਼ਾਰ ਪੰਜ ਸੋ) ਰੁਪਏ ਖਰਚਣਯੋਗ ਹੋਣਗੇ। ਇਸ ਵਰਕਸ਼ਾਪ ਵਿਚ ਘੱਟੋ-ਘੱਟ 4● ਬਾਹਰ ਦੇ ਨੁਮਾਂਇੰਦੇ ਸ਼ਾਮਿਲ ਕੀਤੇ ਜਾਣ, ਜਿਸ ਵਿਚ ਜ਼ਿਲ੍ਹਾ ਪੱਧਰ ਦਾ ਇਕ ਅਧਿਕਾਰੀ, ਸੀਨੀਅਰ ਮੈਡੀਕਲ ਅਫਸਰ, ਲੇਡੀ ਡਾਕਟਰ,

ਸੀਨੀਅਰ ਐਮ.ਪੀ.ਐਸ ਫੀਮੇਲ (ਐਲ.ਐਚ.ਵੀ) ਬੀ.ਈ.ਈ ਬਤੌਰ ਕੋਆਰਡੀਨੇਟਰ, ਆਂਗਣਵਾੜੀ ਸੁਪਰਵਾਈਜ਼ਰ, ਆਸ਼ਾ ਵਰਕਰ, ਸੀ.ਡੀ.ਪੀ.ਓ, ਬਲਾਕ ਹੈਲਥ ਐਂਡ ਸੈਨੀਟੇਸ਼ਨ ਕਮੇਟੀ ਦੇ ਨੁਮਾਂਇੰਦੇ ਅਤੇ ਹੋਰ ਸਟੇਕ-ਹੋਲਡਰ ਹੋਣ।

ਇਹਨਾਂ ਵਰਕਸ਼ਾਪਸ ਵਿਚ

(ੳ). ਆਰ.ਸੀ.ਐਚ ਪ੍ਰੋਗਰਾਮ ਬਾਰੇ ਜਾਣਕਾਰੀ
(ਅ). ਮਾਵਾਂ ਦੀ ਮੌਤ ਦਰ, ਬੱਚਿਆਂ ਦੀ ਮੌਤ ਦਰ ਘਟਾਉਣ ਲਈ ਕੀਤੇ ਜਾ ਰਹੇ ਉਪਰਾਲੇ
(ੲ). ਅਨੀਮੀਆ ਦੀ ਸਮੱਸਿਆ
(ਸ). ਜਨਨੀ ਸੁਰੱਖਿਆ ਯੋਜਨਾ
(ਹ). ਸੁਰੱਖਿਅਤ ਜਣੇਪਾ ਯੋਜਨਾ ਅਧੀਨ ਗੈਰ-ਸਰਕਾਰੀ ਹਸਪਤਾਲਾਂ ਨਾਲ ਭਾਗੀਦਾਰੀ ਕਰਨੀ
(ਕ). ਸੁਰੱਖਿਅਤ ਜਣੇਪੇ ਦੀ ਸਹੂਲਤ ਬਾਰੇ
(ਖ). ਰੈਫਰਲ ਟਰਾਂਸਪੋਰਟ - ਜਣੇਪੇ ਲਈ ਹਸਪਤਾਲ ਆਣ-ਜਾਣ ਲਈ 200/- ਰੁਪਏ ਦੀ ਸੁਵਿਧਾ
(ਗ). ਮਮਤਾ ਦਿਵਸ ਅਤੇ ਵੱਖ-ਵੱਖ ਯੋਜਨਾਵਾਂ ਨੂੰ ਪ੍ਰਭਾਵੀ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਸਿਵਲ ਸਰਜਨ ਜਾਂ ਹੋਰ ਅਫਸਰਾਂ ਵੱਲੋਂ ਕੋਈ ਵੀ ਜ਼ਰੂਰੀ ਸਮਝੀ ਜਾਣ ਵਾਲੀ ਜਾਣਕਾਰੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਵਰਕਸ਼ਾਪ ਦਾ ਸਮਾਂ ਘੱਟੋ-ਘੱਟ 3-4 ਘੰਟਿਆਂ ਦਾ ਹੋਵੇਗਾ। ਛਪਾਇਆ ਗਿਆ ਪ੍ਰਿੰਟ ਮੈਟੀਰੀਅਲ ਵਰਕਸ਼ਾਪ ਵਿਚ ਆਏ ਨੁਮਾਂਇੰਦਿਆਂ ਵਿਚ ਵੰਡਿਆਂ ਜਾਵੇਗਾ।

2. **ਚਾਈਲਡ ਹੈਲਥ ਸਬੰਧੀ (ਬਲਾਕ ਪੱਧਰੀ ਐਡਵੋਕੇਸੀ ਵਰਕਸ਼ਾਪ)** :- ਇਸ ਐਡਵੋਕੇਸੀ ਵਰਕਸ਼ਾਪ ਲਈ 2500/- (ਦੋ ਹਜ਼ਾਰ ਪੰਜ ਸੋ) ਰੁਪਏ ਖਰਚਣਯੋਗ ਹੋਣਗੇ

ਇਸ ਵਰਕਸ਼ਾਪ ਵਿਚ ਜਿਨ੍ਹਾਂ **ਵਿਸ਼ਿਆਂ** ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ

(ੳ). ਮਮਤਾ ਦਿਵਸ
(ਅ). ਬੱਚਿਆਂ ਦਾ ਟੀਕਾਕਰਨ
(ੲ). ਮਾਂ ਦੇ ਦੁੱਧ ਦੀ ਮਹੱਤਤਾ ਤੇ ਵਿਚਾਰ ਕੀਤਾ ਜਾਵੇਗਾ
(ਸ). ਗੰਭੀਰ ਹਾਲਾਤਾਂ ਨੂੰ ਨਿਪਟਣ ਲਈ ਕੀਤੇ ਜਾ ਰਹੇ ਉਪਰਾਲੇ

3. **ਪਰਿਵਾਰ ਨਿਯੋਜਨ ਸਬੰਧੀ ਬਲਾਕ ਪੱਧਰੀ ਵਰਕਸ਼ਾਪ** :- ਇਸ ਵਰਕਸ਼ਾਪ ਵਿਚ 5000/- (ਪੰਜ ਹਜ਼ਾਰ) ਰੁਪਏ ਖਰਚਣਯੋਗ ਹੋਣਗੇ। ਇਸ ਵਰਕਸ਼ਾਪ ਵਿਚ ਬਲਾਕ ਦੇ ਵਿਭਾਗਾਂ ਦੇ ਮੁੱਖੀ, ਯੋਗ ਜੋੜੇ, ਜਿਹੜੇ ਯੋਗ ਜੋੜੇ ਜਿਨ੍ਹਾਂ ਨੇ ਪਰਿਵਾਰ ਨਿਯੋਜਨ ਦੇ ਸਥਾਈ ਤੇ ਅਸਥਾਈ ਤਰੀਕੇ ਅਪਣਾਏ ਹਨ ਸ਼ਾਮਿਲ ਕੀਤੇ ਜਾਣਗੇ। ਇਸ ਵਰਕਸ਼ਾਪ ਵਿਚ ਵਿਭਾਗ ਦੇ ਨੁਮਾਂਇੰਦਿਆਂ ਤੋਂ ਇਲਾਵਾ 50 ਬਾਹਰ ਦੇ ਨੁਮਾਂਇੰਦੇ ਸ਼ਾਮਿਲ ਕੀਤੇ ਜਾਣਗੇ। ਜਿਹੜੇ ਯੋਗ ਨੇ ਪਰਿਵਾਰ ਨਿਯੋਜਨ ਦੇ ਸਥਾਈ ਜਾਂ ਅਸਥਾਈ ਸਾਧਨ ਅਪਣਾਏ ਹਨ ਉਹਨਾਂ ਨੂੰ ਵਰਕਸ਼ਾਪ ਵਿਚ ਆਪਣੇ ਵਿਚਾਰ ਰੱਖਣ ਦਾ ਮੌਕਾ ਦਿੱਤਾ ਜਾਵੇਗਾ ਤਾਂ ਕਿ ਬਾਕੀ ਲੋਕ ਵੀ ਪਰਿਵਾਰ ਨਿਯੋਜਨ ਦੇ ਸਾਧਨ ਅਪਣਾਉਣ ਲਈ ਉਤਸ਼ਾਹਿਤ ਹੋਣ।

ਇਸ ਵਰਕਸ਼ਾਪ ਵਿਚ ਜਿਨ੍ਹਾਂ **ਵਿਸ਼ਿਆਂ** ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ :

(ੳ). ਮਰਦਾਂ ਲਈ ਚੀਰਾ ਰਹਿਤ ਨਸਬੰਦੀ ਬਾਰੇ
(ਅ). ਪਰਿਵਾਰ ਨਿਯੋਜਨ ਦੇ ਪੱਕੇ ਤਰੀਕੇ ਅਪਣਾਉਣ ਵਾਲੇ ਯੋਗ ਜੋੜਿਆਂ ਨੂੰ ਜੋ ਵਿੱਤੀ ਸਹਾਇਤਾ
(ੲ). ਔਰਤਾਂ ਲਈ ਨਵੀਂ 10 ਸਾਲ ਦੀ ਮਿਆਦ ਵਾਲੀ ਆਈ.ਯੂ.ਡੀ (IUD) ਹੈ ਉਸ ਬਾਰੇ
(ਸ). ਪਰਿਵਾਰ ਨਿਯੋਜਨ ਦੇ ਸਥਾਈ ਅਤੇ ਅਸਥਾਈ ਤਰੀਕਿਆਂ ਨੂੰ ਅਪਨਾਉਣ ਲਈ ਮਰਦਾਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਇਸ ਵਰਕਸ਼ਾਪ ਦੇ ਨੋਡਲ ਅਫਸਰ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਹੋਣਗੇ ਜੋ ਕਿ ਜ਼ਿਲ੍ਹਾ ਪੱਧਰ ਦੀ

ਵਰਕਸ਼ਾਪ ਵਿਚ ਦਰਸਾਏ ਵਿਸ਼ਿਆਂ ਤੇ ਚਰਚਾ ਕਰਨਗੇ। ਇਹ ਖਰਚਾ 40 ਪ੍ਰਤੀਸ਼ਤ ਖਾਣ-ਪੀਣ ਤੇ ਅਤੇ 60 ਪ੍ਰਤੀਸ਼ਤ ਬਾਕੀ ਪ੍ਰਬੰਧਾਂ ਤੇ ਕੀਤਾ ਜਾਵੇਗਾ ਇਸ ਵਿਸ਼ੇ ਦਾ ਮੈਟਰ ਪ੍ਰਿੰਟ ਕਰਵਾ ਕੇ ਬਾਹਰਦੇ ਨੁਮਾਂਇੰਦਿਆਂ ਵਿਚ ਵੰਡਿਆਂ ਜਾਵੇਗਾ।

4. **ਬਲਾਕ ਪੱਧਰੀ ਕਿਸ਼ੋਰ ਅਵਸਥਾ ਸਿਹਤ (ARSH) ਸਬੰਧੀ ਵਰਕਸ਼ਾਪ** :- ਇਸ ਮੰਤਵ ਲਈ 2500/- (ਦੋ ਹਜ਼ਾਰ ਪੰਜ ਸੋ) ਰੁਪਏ ਖਰਚਣਯੋਗ ਹੋਣਗੇ। ਇਸ ਵਰਕਸ਼ਾਪ ਵਿਚ ਉਹਨਾਂ ਡਾਕਟਰਾਂ ਨੂੰ ਬੁਲਾਇਆ ਜਾਵੇਗਾ ਜਿਹਨਾਂ ਨੇ ਜ਼ਿਲ੍ਹਾ ਪੱਧਰੀ ਵਰਕਸ਼ਾਪ ਵਿਚ ਹਿੱਸਾ ਲਿਆ ਹੋਵੇ ਇਸ ਵਰਕਸ਼ਾਪ ਵਿਚ ਜ਼ਿਲ੍ਹਾ ਪੱਧਰ ਅਰਸ਼ ਵਰਕਸ਼ਾਪ ਤੇ ਦਰਸਾਏ ਵਿਸ਼ਿਆਂ ਅਨੁਸਾਰ ਚਰਚਾ ਕੀਤੀ ਜਾਵੇਗੀ। ਇਸ ਵਰਕਸ਼ਾਪ ਵਿਚ ਪ੍ਰਿੰਸੀਪਲ, ਸੀਨੀਅਰ ਸਕੈਂਡਰੀ / ਹਾਈ ਸਕੂਲ ਨੂੰ ਵਿਸ਼ੇਸ਼ ਤੋਰ ਤੇ ਬੁਲਾਇਆ ਜਾਵੇ। ਇਸ ਦਿਨ ਕਿਸ਼ੋਰਾਂ ਲਈ ਸਲਾਹ ਮਸ਼ਵਰਾ ਸੇਵਾਵਾਂ ਲਈ ਕੈਂਪ ਲਗਾਇਆ ਜਾਵੇ।

ਇਸ ਵਰਕਸ਼ਾਪ ਵਿਚ ਕਿਸ਼ੋਰ ਅਵਸਥਾ ਨਾਲ ਸਬੰਧਿਤ **ਵਿਸ਼ਿਆਂ** ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

(ੳ). ਕਿਸ਼ੋਰੀਆਂ ਵਿਚ ਮਾਹਵਾਰੀ ਨਾਲ ਸਬੰਧਿਤ ਮੁਸ਼ਕਲਾਂ
(ਅ). ਕਿਸ਼ੋਰ ਅਵਸਥਾ ਵਿਚ ਸਰੀਰਕ ਅਤੇ ਭਾਵਨਾਮਿਕ ਬਦਲਾਵਾਂ ਨਾਲ ਸਬੰਧਿਤ ਵਿਸ਼ਿਆਂ ਤੇ ਚਰਚਾ ਕੀਤੀ ਜਾਵੇਗੀ
(ੲ). ਕਿਉਂਕਿ ਕਿਸ਼ੋਰ ਅਵਸਥਾ ਦੇ ਬੱਚਿਆਂ ਵਿਚ ਸਰੀਰਕ, ਮਾਨਸਿਕ, ਭਾਵਨਾਤਮਿਕ, ਵਿਵਹਾਰਿਕ ਆਦਿ ਤਬਦੀਲੀਆਂ ਆਉਂਦੀਆਂ ਹਨ ਜਿਸ ਵਿਚ ਬੱਚਿਆਂ ਦੇ ਮਨ ਵਿਚ ਤਰ੍ਹਾਂ-ਤਰ੍ਹਾਂ ਦੇ ਖਿਆਲ ਉਤਪੰਨ ਹੁੰਦੇ ਹਨ।
(ਸ). ਅਰਸ਼ ਪ੍ਰੋਗਰਾਮਾਂ ਅਧੀਨ ਦਿੱਤੀਆਂ ਜਾ ਰਹੀਆਂ ਸੇਵਾਵਾਂ

**<u>ਸਬ-ਸੈਂਟਰ ਪੱਧਰ ਦੇ ਪ੍ਰੋਗਰਾਮ</u>**

ਐਫ.ਜੀ.ਡੀ/ਬੱਚੀ ਸਿਹਤ ਮੁਕਾਬਲੇ : ਜੋ ਕਿ ਸਬ-ਸੈਂਟਰ ਤੇ ਕਰਵਾਏ ਜਾਣੇ ਹਨ ਲਈ ਜਿਲ੍ਹਾ ਪੱਧਰ ਤੇ ਮਾਇਕਰੋਪਲ ਪਹਿਲਾਂ ਬਣਾ ਲਿਆ ਜਾਵੇ ਅਤੇ ਉਸ ਅਨੁਸਾਰ ਕਾਰਵਾਈ ਕੀਤੀ ਜਾਵੇ ਐਫ.ਜੀ.ਡੀ ਦੀ ਚਰਚਾ ਰਿਪੋਰਟ ਅਤੇ ਮੋਬਾਇਲ ਰਾਹੀਂ ਖਿਚੀ ਫੋਟੋ ਏ.ਐਨ.ਐਮ ਵੱਲੋਂ ਬੀ.ਈ.ਈ ਨੂੰ ਭੇਜੀ ਜਾਵੇ ਅਤੇ ਬੀ.ਈ.ਈ ਸਾਰੇ ਬਲਾਕ ਦੀ ਰਿਪੋਰਟ ਜਿਲ੍ਹਾ ਬੀ.ਸੀ.ਸੀ ਵਿੰਗ ਨੂੰ ਭੇਜੇ। ਐਫ.ਜੀ.ਡੀ ਵਿਚ ਉਭਰ ਕੇ ਆਏ ਵਿਸ਼ਿਆਂ / ਸਮੱਸਿਆਵਾਂ ਦੇ ਲਈ ਏ.ਐਨ.ਐਮ ਆਪਣੇ ਖੇਤਰ ਵਿਚ ਕੰਮ ਕਰੇਗੀ ਅਤੇ Follow-up action ਬਾਰੇ ਬੀ.ਈ.ਈ ਨੂੰ ਦਸੇਗੀ ਅਤੇ ਬਲਾਕ ਪੱਧਰੀ ਮੀਟਿੰਗ ਵਿਚ ਇਸ ਉਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

1. **ਮੈਟਰਨਲ ਅਤੇ ਚਾਈਲਡ ਹੈਲਥ ਸਬੰਧੀ ਫੋਕਸ ਗਰੁੱਪ ਡਿਸਕਸ਼ਨ** :- ਇਹ ਗਤੀਵਿਧੀ ਸਬ-ਸੈਂਟਰ ਪੱਧਰ ਤੇ ਸਾਲ ਵਿਚ ਦੋ ਵਾਰੀ ਕੀਤੀ ਜਾਵੇਗੀ ਇਸ ਮੰਤਵ ਲਈ 250/- (ਦੋ ਸੋ ਪੰਜਾਹ) ਪ੍ਰਤੀ FGD ਦੇ ਹਿਸਾਬ ਨਾਲ ਦੋ ਫੋਕਸ ਗਰੁੱਪ ਡਿਸਕਸ਼ਨ ਲਈ 500/- (ਪੰਜ ਸੋ) ਰੁਪਏ ਪ੍ਰਤੀ ਸਬ-ਸੈਂਟਰ ਦਿੱਤੇ ਜਾ ਰਹੇ ਹਨ। ਇਸ ਵਿਚ 3 ਤੋਂ 4 ਮਹੀਨਿਆਂ ਦਾ ਵਕਫਾ ਹੋਵੇਗਾ। ਇਹ ਡਿਸਕਸ਼ਨ ਪੀ.ਐਚ.ਸੀ ਦੇ ਮੈਡੀਕਲ ਅਫਸਰ ਦੀ ਪ੍ਰਧਾਨਗੀ ਵਿਚ ਕਰਾਈ ਜਾਵੇਗੀ। ਇਸ ਗਰੁੱਪ ਵਿਚ ਗਰਭਵਤੀ ਔਰਤਾਂ ਤੇ ਦੁੱਧ ਚੁੰਘਾਉਂਦੀਆਂ ਮਾਵਾਂ ਸ਼ਾਮਿਲ ਕਰਵਾਉਣ ਤੋਂ ਇਲਾਵਾ ਆਂਗਨਵਾੜੀ ਸੁਪਰਵਾਈਜ਼ਰ, ਆਸ਼ਾ ਵਰਕਰ, ਪੰਚਾਇਤ ਮੈਂਬਰ, ਪੇਂਡੂ ਸਿਹਤ ਤੇ ਸਫਾਈ ਕਮੇਟੀ ਦੇ ਮੈਂਬਰ ਸ਼ਾਮਿਲ ਕੀਤੇ ਜਾਣਗੇ। ਡਿਸਕਸ਼ਨ ਦੌਰਾਨ ਗਰੁੱਪ ਵਿਚ ਸ਼ਾਮਿਲ ਔਰਤਾਂ ਵੱਲੋਂ ਜੋ ਸੁਆਲ ਪੁਛੇ ਜਾਣ ਉਹਨਾਂ ਨੂੰ ਲਿਖਤੀ ਰੂਪ ਵਿਚ ਰਿਕਾਰਡ ਕੀਤਾ ਜਾਵੇਗਾ ਇਸ ਦੀ ਘੋਖ ਸਮੇਂ-ਸਮੇਂ ਅਨੁਸਾਰ ਉੱਚ-ਅਧਿਕਾਰੀਆਂ ਵੱਲੋਂ ਕੀਤੀ ਜਾਵੇਗੀ। ਗਰੁੱਪ ਵਿਚ ਸ਼ਾਮਿਲ ਨੁਮਾਂਇੰਦਿਆਂ ਨੂੰ 250/- ਦਾ ਚਾਹ ਪਾਣੀ ਪਿਲਾਇਆ ਜਾਵੇਗਾ।

2. **ਬੱਚੀ ਸਿਹਤ ਮੁਕਾਬਲੇ** :- ਇਸ ਸਾਲ ਪੰਜਾਬ ਰਾਜ ਦੇ 1200 ਚੁਣੇ ਹੋਏ ਸਬ-ਸੈਂਟਰਾਂ ਤੇ ਸਾਲ ਵਿਚ ਦੋ-ਦੋ ਬੱਚੀ ਸਿਹਤ ਮੁਕਾਬਲੇ ਕਰਵਾਏ ਜਾਣਗੇ। ਇੱਕ ਮੁਕਾਲਬੇ ਵਿੱਚ ਕੁੱਲ 2500/- ਰੁਪਏ ਖਰਚਣਯੋਗ ਹੋਣਗੇ ਜਿਸ ਦਾ ਵੇਰਵਾ ਹੇਠਾ ਲਿਖੇ ਅਨੁਸਾਰ ਹੈ :-

ਸਿਹਤ ਮੁਕਾਬਲੇ ਵਿੱਚ ਚੁਣੀਆਂ ਗਈਆਂ ਬੱਚੀਆਂ ਨੂੰ ਕ੍ਰਮਵਾਰ ਹੇਠ ਲਿਖੇ ਅਨੁਸਾਰ ਨੈਸ਼ਨਲ ਬੱਚਤ ਸਰਟੀਫੀਕੇਟ ਖਰੀਦ ਕੇ ਦਿੱਤਾ ਜਾਵੇਗਾ :-

| | | |
|---|---|---|
| ਪਹਿਲਾ ਇਨਾਮ | : | 1●●●/- (ਇੱਕ ਹਜ਼ਾਰ ਰੁਪਏ) |
| ਦੂਜਾ ਇਨਾਮ | : | 6●●/- (ਛੇ ਸੋ ਰੁਪਏ) |
| ਤੀਜਾ ਇਨਾਮ | : | 4●●/- (ਚਾਰ ਸੋ ਰੁਪਏ) |
| (ਇਨਾਮ ਵੰਡ ਸਮਾਹੋਰ ਦੇ ਪ੍ਰਬੰਧ ਲਈ) | : | 5●●/- (ਪੰਜ ਸੋ ਰੁਪਏ) |

ਇਹ ਮੁਕਾਬਲੇ ਸਬੰਧਿਤ ਮੈਡੀਕਲ ਅਫ਼ਸਰ ਦੀ ਨਿਗਰਾਨੀ ਹੇਠ ਕਰਵਾਏ ਜਾਣ ਇਸ ਵਿੱਚ ਘੱਟੋ-ਘੱਟ 3● ਬੱਚੀਆਂ ਜ਼ਰੂਰ ਹੋਣ। ਅਨੁਸੂਚਿਤ ਜਾਤੀ/ਕਬੀਲੇ, ਪਿਛੜਾ ਵਰਗ, ਗਰੀਬੀ ਰੇਖਾ ਤੋਂ ਹੇਠਾਂ ਵਾਲੀਆਂ ਨੂੰ ਪਹਿਲ ਦਿੱਤੀ ਜਾਵੇ। ਮੁਕਾਬਲੇ ਵਿੱਚ ਸ਼ਾਮਿਲ ਬੱਚੀ ਦੀ ਉਮਰ 1 ਸਾਲ 6 ਮਹੀਨੇ ਤੋਂ 2 ਸਾਲ ਦੇ ਵਿਚਕਾਰ ਹੋਵੇ। ਜਿਸ ਪਰਿਵਾਰ ਕੋਲ ਕੇਵਲ ਲੜਕੀਆਂ ਹੀ ਹੋਣ, ਬੱਚੀ ਦਾ ਮੁਕੰਮਲ ਟੀਕਾਕਰਣ ਹੋਇਆ ਹੋਵੇ, ਉਸ ਨੇ ਘੱਟੋ-ਘੱਟ ਛੇ ਮਹੀਨੇ ਤੱਕ ਕੇਵਲ ਮਾਂ ਦਾ ਹੀ ਦੁੱਧ ਪੀਤਾ ਹੋਵੇ। ਡਾਕਟਰੀ ਪੈਰਾਮੀਟਰ ਅਨੁਸਾਰ ਬੱਚੀ ਦੀ ਸਿਹਤ ਠੀਕ ਹੋਵੇ। ਜਿਹੜੀਆਂ ਬੱਚੀਆਂ ਨੇ ਮੁਕਾਬਲੇ ਵਿੱਚ ਭਾਗ ਲਿਆ ਹੈ ਉਹਨਾਂ ਦੀ ਮੁਕੰਮਲ ਰਿਕਾਰਟ ਸਬ-ਸੈਂਟਰ ਵਿੱਚ ਰੱਖਿਆ ਜਾਵੇ।

**ਬੀ.ਸੀ.ਸੀ / ਆਈ.ਈ.ਸੀ ਅਧੀਨ ਹੋਰ ਪ੍ਰੋਗਰਾਮ**

1. **ਫੋਕ ਮੀਡੀਆ** :- ਇਹ ਗਤੀਵਿਧੀ ਹਰੇਕ ਬਲਾਕ ਤੇ ਸਾਲ ਵਿਚ ਘੱਟੋ-ਘੱਟ ਪੰਜ ਵਾਰ ਕਰਵਾਈ ਜਾਣੀ ਹੈ। ਇਸ ਲਈ ਭਾਰਤ ਸਰਕਾਰ ਦੇ ਸੋਂਗ ਐਂਡ ਡਰਾਮਾ ਡਵੀਜ਼ਨ ਦੀਆਂ ਪਾਰਟੀਆਂ ਨਾਲ ਸੰਪਰਕ ਕਰਕੇ ਚੁਣੇ ਹੋਏ ਸਿਹਤ ਸਬੰਧੀ ਮੁਦਿਆਂ ਤੇ ਨੁਕੜ ਨਾਟਕ, ਮੈਜਿਕ ਸ਼ੋਅ, ਸਕਿਟ, ਡਰਾਮਾ ਆਦਿ ਦੁਆਰਾ ਮੈਟਰਨਲ ਹੈਲਥ, ਚਾਈਲਡ ਹੈਲਥ, ਪੀ.ਐਨ.ਡੀ.ਟੀ, ਵੀ.ਐਚ.ਐਸ.ਸੀ, ਅਰਸ਼, ਪਰਿਵਾਰ ਭਲਾਈ ਅਤੇ ਐਨ.ਆਰ.ਐਚ.ਐਮ ਦੀਆਂ ਸੇਸਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਵਾਉਣਾ ਹੈ। ਇਸ ਗਤੀਵਿਧੀ ਲਈ ਹਰੇਕ ਬਲਾਕ ਨੂੰ 1●,●●●/- ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਜਾ ਰਹੀ ਹੈ।

2. **ਝਾਂਕੀ / ਪਰੇਡ ਸ਼ੋਅ** :- 26 ਜਨਵਰੀ ਗਣਤੰਤਰ ਦਿਵਸ ਅਤੇ 15 ਅਗਸਤ ਆਜ਼ਾਦੀ ਦਿਵਸ ਮੌਕੇ ਜਿਥੇ ਵੀ ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਜ਼ਿਲ੍ਹਾ ਪੱਧਰੀ ਸਮਾਗਮ ਹੋਵੇ ਉਥੇ ਸਵਰਾਜ ਮਾਜਦਾ ਜਾਂ ਹੋਰ ਗੱਡੀਆਂ ਤੇ ਨੈਸ਼ਨਲ ਰੂਰਲ ਹੈਲਥ ਮਿਸ਼ਨ, ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੀਆਂ ਪ੍ਰਾਪਤੀਆਂ ਦਰਸਾਕੇ "ਦਿਲ ਖਿਚਵੇਂ" ਫਲੈਕਸ ਬੋਰਡ ਤਿਆਰ ਕਰਵਾ ਕੇ ਲਗਵਾਏ ਜਾਣ ਤੇ ਸਮਾਗਮ ਵਾਲੀ ਥਾਂ ਤੇ ਰੋਡ ਸ਼ੋਅ ਕੀਤਾ ਜਾਵੇ। ਗੱਡੀ ਵਿਚ ਪੀ.ਏ ਸਿਸਟਮ ਲਗਾ ਕੇ ਚੰਗਾ ਬੁਲਾਰਾ ਲਗਾਇਆ ਜਾਵੇਗਾ ਜੋ ਲਿਖਿਆ ਮੈਟਰ ਵਾਰ-ਵਾਰ ਬੋਲੇਗਾ। ਇਕ ਸਮਾਗਮ ਲਈ 1●●●●/- (ਦਸ ਹਜ਼ਾਰ) ਰੁਪਏ ਖਰਚਣਯੋਗ ਹੋਣਗੇ।

3. **ਨੈਸ਼ਨਲ ਮੇਲਿਆਂ ਦੌਰਾਨ ਸ਼ੋਅ** :- ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਅਤੇ ਜ਼ਿਲ੍ਹਾ ਰੂਪਨਗਰ ਆਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਵਿਖੇ ਲੱਗਣ ਵਾਲੇ ਮੇਲਿਆਂ ਦੇ ਦਿਨਾਂ ਦੌਰਾਨ ਲੜੀ ਨੰ: 18 ਅਨੁਸਾਰ ਸ਼ੋ ਕਰਵਾਏ ਜਾਣਗੇ। ਇਸ ਮੰਤਵ ਲਈ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਨੂੰ 25●●●/- (ਪੰਚੀ ਹਜ਼ਾਰ) ਰੁਪਏ ਤੇ ਸਿਵਲ ਸਰਜਨ ਰੂਪਨਗਰ ਨੂੰ 25●●●/- (ਪੰਚ ਹਜ਼ਾਰ) ਰੁਪਏ ਵੱਖਰੇ ਤੌਰ ਤੇ ਭੇਜੇ ਜਾਣਗੇ।

4. **ਵਿਸ਼ਵ ਆਬਾਦੀ ਦਿਵਸ** :- ਜ਼ਿਲ੍ਹਾ ਪੱਧਰ ਤੇ ਵਿਸ਼ਵ ਆਬਾਦੀ ਦਿਵਸ ਮਨਾਉਣ ਲਈ 5●●●/- (ਪੰਜ ਹਜ਼ਾਰ) ਰੁਪਏ ਪ੍ਰਤੀ ਜ਼ਿਲ੍ਹਾ ਦਿੱਤੇ ਜਾ ਰਹੇ ਹਨ। ਇਹ ਦਿਨ 11 ਜੁਲਾਈ 2●1● ਨੂੰ ਮਨਾਇਆ ਜਾਣਾ ਹੈ। ਇਸ ਸਬੰਧੀ ਇਸ ਸਾਲ ਦਾ ਸਲੋਗਨ ਇੰਟਰਨੈਟ ਤੋਂ ਲੈ ਕੇ ਉਸ ਦੇ ਆਧਾਰ 'ਤੇ ਇਹ ਸੈਮੀਨਾਰ ਆਯੋਜਤ ਕੀਤਾ ਜਾਵੇਗਾ। ਜੇਕਰ ਕੋਈ ਮੁਸ਼ਕਿਲ ਪੇਸ਼ ਆਵੇ ਤਾਂ ਸਟੇਟ ਹੈੱਡ ਕੁਆਟਰ ਬੀ.ਸੀ.ਸੀ ਸ਼ਾਖਾ ਨਾਲ ਸੰਪਰਕ ਕੀਤਾ ਜਾਵੇਗਾ। ਇਸ ਸੈਮੀਨਾਰ ਵਿੱਚ ਚੀਰਾ ਰਹਿਤ ਨਸਬੰਦੀ ਅਤੇ ਆਈ.ਯੂ.ਡੀ. ਨੂੰ ਲੋਕਾਂ ਵਿੱਚ ਉਤਸ਼ਾਹਿਤ ਕਰਨ ਬਾਰੇ ਖਾਸ ਤੌਰ ਤੇ ਚਰਚਾ ਕੀਤੀ ਜਾਵੇਗੀ। ਚੀਰਾ ਰਹਿਤ ਨਸਬੰਦੀ ਤਹਿਤ ਜੋ ਸਹੂਲਤਾਂ ਹਨ, ਉਹਨਾਂ ਬਾਰੇ ਲੋਕਾਂ ਨੂੰ ਦੱਸਿਆ ਜਾਵੇ ਤੇ ਵੱਧਦੀ ਆਬਾਦੀ 'ਤੇ ਕਾਬੂ ਪਾਉਣ ਲਈ ਮਰਦਾਂ ਦੀ ਭਾਗੀਦਾਰੀ ਵਧਾਉਣ ਸਬੰਧੀ ਵੀ ਪ੍ਰੋਸ਼ਾਹਿਤ ਕੀਤਾ ਜਾਵੇਗਾ।

5. **ਨੁਮਾਇਸ਼ ਲਈ** :- ਇਸ ਮੰਤਵ ਲਈ ਹਰ ਜ਼ਿਲ੍ਹੇ ਨੂੰ 35●●●/- (ਪੈਂਤੀ ਹਜ਼ਾਰ) ਰੁਪਏ ਦਿੱਤੇ ਜਾ ਰਹੇ ਹਨ। ਨੁਮਾਇਸ਼ ਲਈ ਪੋਰਟਏਬਲ ਸਟੈਂਡ ਪਹਿਲਾਂ ਹੀ ਜ਼ਿਲ੍ਹਿਆਂ ਨੂੰ ਦਿੱਤੇ ਜਾ ਚੁੱਕੇ ਹਨ। ਇਨ੍ਹਾਂ ਸਟੈਂਡਾਂ ਦੇ ਸਾਈਜ਼ ਦੇ ਮੁਤਾਬਕ ਫਲੈਕਸ ਤਿਆਰ ਕਰਵਾਏ ਜਾਣਗੇ। ਇਹ ਬੈਨਰ ਨੈਸ਼ਨਲ ਰੂਰਲ ਹੈਲਥ ਮਿਸ਼ਨ ਦੇ ਪ੍ਰੋਗਰਾਮਾਂ ਨੂੰ ਦਰਸਾਏ ਹੋਏ ਬਣਾਏ

ਜਾਣਗੇ। ਜੇਕਰ ਨਮੂਨੇ ਦੀ ਜ਼ਰੂਰਤ ਹੋਵੇ ਤਾਂ ਬੀ.ਸੀ.ਸੀ ਡਵੀਜ਼ਨ, ਐਨ.ਆਰ.ਐਚ.ਐਮ, ਪੰਜਾਬ ਨਾਲ ਰਾਬਤਾ ਕੀਤਾ ਜਾਵੇ। ਹਰ ਬਲਾਕ ਨੂੰ ਵੀ ਨੁਮਾਇਸ਼ ਨਾਲ ਲੈਸ ਕੀਤਾ ਜਾਵੇਗਾ। ਜ਼ਿਲ੍ਹੇ ਅਤੇ ਬਲਾਕ ਪੱਧਰ ਤੇ ਹੋਣ ਵਾਲੀਆਂ ਸਭ ਤਰ੍ਹਾਂ ਦੀਆਂ ਵਰਕਸ਼ਾਪਸ ਅਤੇ ਹੋਰ ਸਮਾਗਮ/ਪ੍ਰੋਗਰਾਮਾਂ ਤੇ ਵਿਚ ਪ੍ਰਭਾਵਸ਼ਾਲੀ ਨੁਮਇਸ਼ਾਂ ਲਗਵਾਉਣੀਆਂ ਯਕੀਨੀ ਬਣਾਈਆਂ ਜਾਣਗੀਆਂ।

ਜ਼ਿਲ੍ਹਾ ਬੀ.ਸੀ.ਸੀ ਫੈਸਲੀਟੇਟਰ / ਮਾਸ ਮੀਡੀਆ ਅਫਸਰ ਉਪਰੋਕਤ ਸਾਰੀਆਂ ਗਤੀਵਿਧੀਆਂ ਦੀ ਗਤੀਵਿਧੀ ਅਨੁਸਾਰ ਕਰਵਾਈਆਂ ਜਾਣ ਵਾਲੀਆਂ ਵਰਕਸ਼ਾਪਸ ਦਾ ਸਥਾਨ, ਮਿਤੀ ਅਤੇ ਸਮਾਂ ਤਿਆਰ ਕਰਕੇ ਸਬ-ਸੈਂਟਰਾਂ ਅਤੇ ਬਲਾਕਾਂ ਨੂੰ ਫੰਡਾਂ ਦੀ ਵੰਡ ਕਰਕੇ, ਸਾਰੇ ਬਲਾਕਾਂ ਨੂੰ ਦਿਸ਼ਾ ਨਿਰਦੇਸ਼ ਭੇਜਣ ਬਾਰੇ, ਸਿਵਲ ਸਰਜਨ ਤੋਂ ਅਪਰੂਵ ਕਰਵਾਕੇ ਇਕ ਮਹੀਨੇ ਦੇ ਅੰਦਰ ਇਸ ਦੀ ਸੂਚਨਾ ਮਿਸ਼ਨ ਡਾਇਰੈਕਟਰ ਐਨ.ਆਰ.ਐਚ.ਐਮ ਨੂੰ ਈ-ਮੇਲ ਰਾਹੀਂ ਅਤੇ ਡਾਇਰੈਕਟਰ ਸਿਹਤ ਸੇਵਾਵਾਂ ਪਰਿਵਾਰ ਭਲਾਈ ਨੂੰ ਭੇਜਣਗੇ। ਨਿਰਧਾਰਤ ਪਰਫਾਰਮਾਂ ਤੇ ਖਰਚਾ ਰਿਪੋਰਟ ਹਰ ਮਹੀਨੇ ਦੀ 10 ਤਰੀਕ ਤੱਕ ਮਿਸ਼ਨ ਡਾਇਰੈਕਟਰ ਐਨ.ਆਰ.ਐਚ.ਐਮ ਅਤੇ ਡਾਇਰੈਕਟਰ ਸਿਹਤ ਸੇਵਾਵਾਂ ਪਰਿਵਾਰ ਭਲਾਈ ਨੂੰ ਈ-ਮੇਲ ਤੇ ਹਾਰਡ ਕਾਪੀ ਭੇਜੀ ਜਾਵੇ। ਖਰਚ ਕੀਤੇ ਗਏ ਫੰਡਾਂ ਦਾ ਮੁਕੰਮਲ ਰਿਕਾਰਡ ਤੇ ਕਲੈਰੀਫਿਕੇਸ਼ਨ ਹਰ ਵੇਲੇ ਤਿਆਰ ਰੱਖਿਆ ਜਾਵੇ। ਇਨ੍ਹਾਂ ਗਤੀਵਿਧੀਆਂ ਦੀ ਸਾਰੀ ਜਿੰਮੇਵਾਰੀ ਬੀ.ਸੀ.ਸੀ ਫੈਸਲੀਟੇਟਰਜ਼ / ਜ਼ਿਲ੍ਹਾ ਮਾਸ ਮੀਡੀਆ ਅਫਸਰਾਂ ਦੀ ਹੋਵੇਗੀ। ਰਾਜ ਐਨ.ਆਰ.ਐਚ.ਐਮ ਪੰਜਾਬ ਤੇ ਮੋਨੀਟਰਿੰਗ ਐਂਡ ਅਵੈਲੂਏਸ਼ਨ ਵਿੰਗ ਸਮੇਂ-ਸਮੇਂ ਅਨੁਸਾਰ ਜ਼ਿਲ੍ਹਿਆਂ ਦੁਆਰਾ ਕੀਤੇ ਜਾ ਰਹੇ ਕੰਮ ਨੂੰ ਮੋਨੀਟਰ ਕਰੇਗਾ।

ਮਿਸ਼ਨ ਡਾਇਰੈਕਟਰ,
ਨੈਸ਼ਨਲ ਰੂਰਲ ਹੈਲਥ ਮਿਸ਼ਨ, ਪੰਜਾਬ।

ਪਿੰਠ ਅੰਕਣ ਨੰ: ਐਸ.ਪੀ.ਐਮ/ਐਨ.ਆਰ.ਐਚ.ਐਮ/ਪੰ:/10/386-25 ਮਿਤੀ 29/06/10

ਉਤਾਰਾ ਕਾਪੀ :-

1. ਜ਼ਿਲ੍ਹਾ ਸਮੂਹ ਸੂਚਨਾ ਤੇ ਸਿੱਖਿਆ ਅਫਸਰ।
2. ਬੀ.ਸੀ.ਸੀ ਫੈਸਲੀਟੇਟਰਜ਼, ਨੂੰ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਲਈ ਭੇਜਿਆ ਜਾਂਦਾ ਹੈ।

ਮਿਸ਼ਨ ਡਾਇਰੈਕਟਰ,
ਨੈਸ਼ਨਲ ਰੂਰਲ ਹੈਲਥ ਮਿਸ਼ਨ, ਪੰਜਾਬ।